**੧ ਭਗਤ ਦਾ ਗੁਰੂ ਪ੍ਰੇਮ :**

ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥

ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥੧॥

ਹੇ ਮੇਰੇ ਪਿਆਰੇ (ਮੋਹਨ, ਗੁਰੂ)! ਜੇ ਮੈਂ ਮੋਹ ਦੀ ਫਾਹੀ ਵਿਚ ਬੰਨ੍ਹਿਆਂ ਹੋਇਆ ਹਾਂ ਤਾਂ ਮੈਂ ਤੈਨੂੰ ਵੀ ਆਪਣੇ ਪ੍ਰੇਮ ਦੇ ਬੰਧਨ ਵਿਚ ਬੰਨ੍ਹਿਆਂ ਹੋਇਆ ਹੈ।
ਮੈਂ ਤਾਂ ਤੇਰਾ ਨਾਮ ਜਪ ਕੇ ਜਨਮ ਮਰਨ ਦੇ ਗੇੜ ਤੋਂ ਮੁਕਤ ਹੋ ਜਾਵਾਂਗਾ, ਤੂੰ ਮੇਰੇ ਪ੍ਰੇਮ ਦੇ ਬੰਧਨ ਤੋਂ ਛੁੱਟਣ ਦਾ ਜਤਨ ਕਰ ਕੇ ਵੇਖ ਲੈ, ਭਾਵ ਗੁਰੂ, ਭਗਤ ਦੇ ਪ੍ਰੇਮ ਦੇ ਬੰਧਨ ਤੋਂ ਕਦੇ ਅਜ਼ਾਦ ਨਹੀਂ ਹੋ ਸਕਦਾ, ਜਿਵੇਂ ਕਿ ਫੁਰਮਾਨ ਹੈ : ਬਾਂਧੈ ਭਗਤੁ ਨ ਛੂਟੈ ਮੋਹਿ।।

ਮਾਧਵੇ ਜਾਨਤ ਹਹੁ ਜੈਸੀ ਤੈਸੀ ॥

ਅਬ ਕਹਾ ਕਰਹੁਗੇ ਐਸੀ ॥੧॥ ਰਹਾਉ ॥

ਹੇ ਮਾਧਵ! ਭਾਵ ਗੁਰੂ! ਜਿਹੋ ਜਿਹੀ ਪ੍ਰੀਤ ਮੇਰੀ ਤੇਰੇ ਨਾਲ ਪਈ ਹੋਈ ਹੈ, ਤੂੰ ਤਾਂ ਚੰਗੀ ਤਰ੍ਹਾਂ ਜਾਣਦਾ ਹੈ। ਮੇਰੀ ਅਜਿਹੀ ਪ੍ਰੀਤ ਦੇ ਹੁੰਦਿਆਂ ਤੂੰ ਮੇਰੇ ਬੰਧਨ ਖੋਲ੍ਹਣ ਤੋਂ ਸਿਵਾਏ ਹੋਰ ਕੀ ਕਰੇਗਾ, ਭਾਵ ਭਗਤ ਦੇ ਬੰਧਨ ਤਾਂ ਤੂੰ ਖੋਲ੍ਹਣੇ ਹੀ ਹਨ।੧।ਰਹਾਉ।

## ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ ॥

## ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥੨॥

ਮੱਛੀ ਨੂੰ ਪਕੜ ਕੇ ਫ਼ਾੜੀਆਂ ਵਿਚ ਕਟ ਕੇ ਕਈ ਤਰ੍ਹਾਂ ਰਿੰਨ੍ਹਿਆਂ ਜਾਂਦਾ ਹੈ। ਟੁਕੜੇ ਟੁਕੜੇ ਕਰ ਕੇ ਉਸ ਦਾ ਭੋਜਨ ਕਰ ਲਿਆ ਜਾਂਦਾ ਹੈ, ਅੰਦਰ ਜਾ ਕੇ ਵੀ ਉਹ ਪਾਣੀ ਹੀ ਪਾਣੀ ਮੰਗਦੀ ਹੈ, ਭਾਵ, ਉਸ ਦੀ ਜਿਵੇਂ ਪਾਣੀ ਨਾਲ ਇਤਨੀ ਪ੍ਰੀਤ ਹੈ ਉਸੇ ਤਰ੍ਹਾਂ ਮੇਰੀ ਤੇਰੇ ਨਾਲ ਹੈ।੨।

## ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ ॥

## ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ ॥੩॥

ਉਹ ਕਿਸੇ ਦਾ ਨਿੱਜੀ ਪਿਤਾ ਨਹੀਂ, ਜਿਹੜਾ ਉਸ ਨਾਲ ਪ੍ਰੇਮ ਕਰਦਾ ਹੈ, ਉਹ ਉਸੇ ਦਾ ਹੀ ਦਿਲ ਦਾ ਰਾਜਾ ਹੈ।
ਸਾਰਾ ਜਗਤ ਰਿਸ਼ਤਿਆਂ ਦੇ ਮੋਹ ਜਾਲ ਵਿਚ ਫੱਸ ਕੇ ਗੁਰੂ ਤੋਂ ਦੂਰ ਹੋਇਆ ਫਿਰਦਾ ਹੈ, ਪਰ ਭਗਤ ਇਸ ਮੋਹ ਦੇ ਮਾਇਆ ਜਾਲ ਦੇ ਸੰਤਾਪ ਵਿਚ ਨਹੀਂ ਫ਼ਸਦਾ।੩।

## ਕਹਿ ਰਵਿਦਾਸ ਭਗਤਿ ਇਕ ਬਾਢੀ ਅਬ ਇਹ ਕਾ ਸਿਉ ਕਹੀਐ ॥

## ਜਾ ਕਾਰਨਿ ਹਮ ਤੁਮ ਆਰਾਧੇ ਸੋ ਦੁਖੁ ਅਜਹੂ ਸਹੀਐ ॥੪॥੨॥

ਭਗਤ ਰਵਿਦਾਸ ਜੀ ਫੁਰਮਾਨ ਕਰਦੇ ਹਨ ਕਿ ਮੇਰੀ ਆਪਣੇ ਗੁਰੂ ਨਾਲ ਸ਼ਰਧਾ ਪ੍ਰੀਤ ਇੰਨੀ ਵਧ ਗਈ ਹੈ, ਇਹ ਮੈਂ ਕਿਸ ਨੂੰ ਦਸਾਂ, ਕਿਉਕਿ ਇਹ ਕਿਸੇ ਨੂੰ ਵੀ ਸਮਝ ਤਾਂ ਪੈਣੀ ਹੀ ਨਹੀਂ।
ਹੇ ਮੇਰੇ ਪਿਆਰੇ! ਜਿਸ ਦੁਨਿਆਵੀ ਮੋਹ ਤੋਂ ਬਚਣ ਲਈ ਮੈਂ ਤੇਰਾ ਨਾਮ ਜਪਿਆ, ਉਹੀ ਮੋਹ ਹੁਣ ਮੇਰਾ ਤੇਰੇ ਨਾਲ ਇਤਨਾ ਗੂੜ੍ਹਾ ਪੈਣ ਕਰਕੇ ਹੁਣ ਮੇਰੇ ਅੰਦਰ ਤੇਰੇ ਨਾਲ ਮਿਲਾਪ ਕਰਨ ਲਈ ਤੜਪ ਪੈਦਾ ਹੋ ਗਈ ਹੈ ਤੇ ਮੈਂ ਉਸ ਤੜਪ ਦਾ ਦੁਖ ਸਹਿ ਰਿਹਾ ਹਾਂ।੪।੨।

Last modified: 2 Mar 2020